بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤਿ ਇਲਾਹੀ ਦਾ ਇਮਾਨ ਅਫ਼ਰੋਜ਼ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 30 ਜਨਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللهِ مِنَ الشَّيْطٰنِ الرَّجِيْمِ ۞ بِسْمِ اللهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਹਜ਼ਰਤ ਮੁਹੰਮਦ ਮੁਸਤਫ਼ਾ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤਿ ਇਲਾਹੀ ਦੇ ਬੇਸ਼ੁਮਾਰ ਵਾਕ਼ਿਆਤ ਸਨ। ਬਲਕਿ ਆਪ ﷺ ਦੇ ਹਰ ਅਮਲ ਅਤੇ ਹਰ ਵਾਕ਼ੇ ਨਾਲ ਇਸ ਗੱਲ ਦਾ ਇਜ਼ਹਾਰ ਹੁੰਦਾ ਹੈ ਕਿ ਆਪ ﷺ ਦੇ ਦਿਲ ਵਿੱਚ ਹਰ ਵੇਲੇ ਮੁਹੱਬਤਿ ਇਲਾਹੀ ਦਾ ਇੱਕ ਸਮੁੰਦਰ **ਮੌਜਜ਼ਨ** ਸੀ। ਇਸ ਦਾ ਇੱਕ ਨਜ਼ਾਰਾ ਗ਼ਜ਼ਵਇ ਉਹਦ ਵਿੱਚ ਨਜ਼ਰ ਆਉਂਦਾ ਹੈ ਜਿੱਥੇ ਆਪ ﷺ ਦੀ ਮੁਹੱਬਤਿ ਇਲਾਹੀ ਦੀ ਤੜਪ ਦਾ ਇੱਕ **ਅਜੀਬ** ਅਤੇ **ਨਿਰਾਲਾ** ਅੰਦਾਜ਼ ਮਿਲਦਾ ਹੈ।

ਹਜ਼ਰਤ ਬਰਾਅ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਉਹਦ ਦੇ ਦਿਨ ਅਸੀਂ ਮੁਸ਼ਰਿਕਾਂ ਦਾ ਸਾਹਮਣਾ ਕੀਤਾ। ਨਬੀ ਕਰੀਮ ﷺ ਨੇ ਤੀਰ ਅੰਦਾਜ਼ਾਂ ਦਾ ਇੱਕ ਦਸਤਾ ਮੁਕ਼ੱਰਰ ਫ਼ਰਮਾਇਆ ਅਤੇ ਹਜ਼ਰਤ ਅਬਦੁੱਲਾਹ ਰਜ਼ਿ ਅੱਲਾਹੁ ਅਨਹੁ ਨੂੰ ਉਨ੍ਹਾਂ ਦਾ ਆਗੂ ਮੁਕ਼ੱਰਰ ਫ਼ਰਮਾਇਆ ਅਤੇ ਨਸੀਹਤ ਫ਼ਰਮਾਈ ਕਿ ਜੇਕਰ ਤੁਸੀਂ ਦੇਖੋ ਕਿ ਅਸੀਂ ਉਨ੍ਹਾਂ 'ਤੇ ਗ਼ਾਲਿਬ ਆ ਗਏ ਹਾਂ ਤਦ ਵੀ ਆਪਣੀ ਜਗ੍ਹਾ ਤੋਂ ਨਾ ਹਟਣਾ ਅਤੇ ਜੇਕਰ ਦੇਖੋ ਕਿ ਉਹ ਸਾਡੇ 'ਤੇ ਗ਼ਾਲਿਬ ਆ ਗਏ ਹਨ ਤਦ ਵੀ ਸਾਡੀ **ਮਦਦ** ਨੂੰ ਨਾ ਆਉਣਾ। ਯਾਨੀ ਜਿੱਤ ਜਾਂ ਹਾਰ ਦੋਹਾਂ ਸੂਰਤਾਂ ਵਿੱਚ ਤੁਸੀਂ ਆਪਣੀ ਜਗ੍ਹਾ ਨਹੀਂ ਛੱਡਣੀ। ਰਾਵੀ ਬਿਆਨ ਕਰਦੇ ਹਨ ਕਿ ਜਦ ਸਾਡਾ **ਮੁਕ਼ਾਬਲਾ** ਹੋਇਆ ਤਾਂ ਦੁਸ਼ਮਣ ਭੱਜ ਗਿਆ ਇੱਥੋਂ ਤੱਕ ਕਿ ਮੈਂ ਮੁਸ਼ਰਿਕ ਔਰਤਾਂ ਨੂੰ ਦੇਖਿਆ ਕਿ ਉਹ ਪਹਾੜਾਂ ਵੱਲ ਭੱਜ ਰਹੀਆਂ ਸਨ। ਮੁਸਲਮਾਨਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਮਾਲਿ ਗ਼ਨੀਮਤ! ਮਾਲਿ ਗ਼ਨੀਮਤ! ਹਜ਼ਰਤ ਅਬਦੁੱਲਾਹ ਰਜ਼ਿ ਅੱਲਾਹੁ ਅਨਹੁ ਨੇ ਉਨ੍ਹਾਂ ਨੂੰ ਰੋਕਿਆ ਅਤੇ ਕਿਹਾ ਕਿ ਨਬੀ ਕਰੀਮ ﷺ ਨੇ ਮੈਨੂੰ ਨਸੀਹਤ ਫ਼ਰਮਾਈ ਸੀ ਕਿ ਤੁਸੀਂ ਆਪਣੀ ਜਗ੍ਹਾ ਤੋਂ ਨਾ ਹਟਣਾ। ਪਰ ਜਦ ਮੁਸਲਮਾਨ **ਦੱਰਾ** ਛੱਡ ਕੇ ਮਾਲਿ ਗ਼ਨੀਮਤ ਵੱਲ ਆਏ ਤਾਂ ਅੱਲਾਹ ਤਆਲਾ ਨੇ ਵੀ ਉਨ੍ਹਾਂ ਮੁਸਲਮਾਨਾਂ ਤੋਂ ਮੂੰਹ ਫੇਰ ਲਿਆ। ਜੰਗ ਪਲਟਾ ਖਾ ਗਈ ਅਤੇ ਦੁਸ਼ਮਣ ਨੇ ਦੁਬਾਰਾ ਹਮਲਾ ਕਰ ਦਿੱਤਾ ਅਤੇ 70 ਮੁਸਲਮਾਨ ਸ਼ਹੀਦ ਹੋ ਗਏ। ਰਾਵੀ ਕਹਿੰਦੇ ਹਨ ਕਿ ਇਸ ਦੌਰਾਨ ਨਬੀ ਕਰੀਮ ﷺ ਆਪਣੇ ਸਾਥੀਆਂ ਦੇ ਨਾਲ ਪਹਾੜੀ ਦੇ **ਦਾਮਨ** ਵਿੱਚ ਪਨਾਹ ਲਏ ਹੋਏ ਸਨ ਕਿ ਅਬੂ ਸੁਫ਼ਯਾਨ ਨੇ ਇੱਕ ਉੱਚੇ ਮੁਕ਼ਾਮ 'ਤੇ ਚੜ੍ਹ ਕੇ ਆਵਾਜ਼ ਦਿੱਤੀ ਕਿ ਕੀ ਤੁਹਾਡੇ ਵਿੱਚ ਮੁਹੰਮਦ (ﷺ) ਹੈ? ਆਪ ﷺ ਨੇ ਫ਼ਰਮਾਇਆ: ਜਵਾਬ ਨਾ ਦਿਓ। ਫਿਰ ਉਸ ਨੇ ਕਿਹਾ ਕਿ ਕੀ ਤੁਹਾਡੇ ਵਿੱਚ ਇਬਨਿ ਅਬੀ ਕ਼ਹਾਫ਼ਾ ਹੈ? ਆਪ ﷺ ਨੇ ਫ਼ਰਮਾਇਆ: ਜਵਾਬ ਨਾ ਦਿਓ। ਫਿਰ ਉਸ ਨੇ ਕਿਹਾ ਕਿ ਕੀ ਤੁਹਾਡੇ ਵਿੱਚ ਉਮਰ ਬਿਨ ਖ਼ੱਤਾਬ ਹੈ? ਜਦ ਕੋਈ ਜਵਾਬ ਨਾ ਆਇਆ ਤਾਂ ਅਬੂ ਸੁਫ਼ਯਾਨ ਨੇ ਕਿਹਾ ਇਹ ਸਭ ਲੋਕ ਮਾਰੇ ਗਏ ਜੇਕਰ ਜਿਉਂਦੇ ਹੁੰਦੇ ਤਾਂ ਜ਼ਰੂਰ ਜਵਾਬ ਦਿੰਦੇ। ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਆਪਣੇ ਆਪ 'ਤੇ **ਕ਼ਾਬੂ** ਨਾ ਰੱਖ ਸਕੇ ਅਤੇ ਪੁਕਾਰ ਕੇ ਕਿਹਾ, ਐ ਅੱਲਾਹ ਦੇ

ਦੁਸ਼ਮਣ! ਤੂੰ ਝੂਠ ਕਿਹਾ। ਅੱਲਾਹ ਨੇ ਤੇਰੇ ਮੁਕ਼ਾਬਲੇ ਉਸ ਨੂੰ ਜਿਉਂਦਾ ਰੱਖਿਆ ਹੈ ਜਿਹੜਾ ਤੈਨੂੰ **ਜ਼ਲੀਲ** ਕਰੇਗਾ। ਅਬੂ ਸੁਫ਼ਯਾਨ ਨੇ **ਨਾਅਰਾ** ਲਾਇਆ: ਹੁਬਲ ਦਾ ਬੋਲ ਬਾਲਾ ਹੋਵੇ। ਜਦ ਉਸ ਨੇ ਇਹ ਕਿਹਾ ਤਾਂ ਨਬੀ ਕਰੀਮ ﷺ ਬੇ-ਤਾਬ ਹੋ ਗਏ ਅਤੇ ਫ਼ਰਮਾਇਆ ਤੁਸੀਂ ਇਸ ਦਾ ਜਵਾਬ ਦਿਓ। ਸਹਾਬਾ ਨੇ ਅਰਜ਼ ਕੀਤਾ ਕਿ ਅਸੀਂ ਕੀ ਜਵਾਬ ਦਈਏ? ਆਪ ﷺ ਨੇ ਫ਼ਰਮਾਇਆ ਕਿ ਕਹੋ, ਅੱਲਾਹ ਸਭ ਤੋਂ **ਬੁਲੰਦ** ਅਤੇ ਸਭ ਤੋਂ **ਬਜ਼ੁਰਗ** ਹੈ। ਅਬੂ ਸੁਫ਼ਯਾਨ ਨੇ ਕਿਹਾ ਸਾਡੇ ਲਈ ਉਜ਼ਾ ਹੈ ਅਤੇ ਤੁਹਾਡੇ ਲਈ ਕੋਈ ਉਜ਼ਾ ਨਹੀਂ। ਨਬੀ ਕਰੀਮ ﷺ ਨੇ ਫ਼ਰਮਾਇਆ ਇਸ ਦਾ ਜਵਾਬ ਦਿਓ। ਸਹਾਬਾ ਨੇ ਪੁੱਛਿਆ ਕਿ ਕੀ ਕਹੀਏ? ਆਪ ﷺ ਨੇ ਫ਼ਰਮਾਇਆ: ਕਹੋ, ਅੱਲਾਹ ਸਾਡਾ **ਮਦਦਗਾਰ** ਹੈ ਅਤੇ ਤੁਹਾਡਾ ਕੋਈ ਮਦਦਗਾਰ ਨਹੀਂ।

ਹਜ਼ੂਰ ਅਨਵਰ ਨੇ ਫ਼ਰਮਾਇਆ: ਆਪ ﷺ ਅੱਲਾਹ ਤਆਲਾ ਦੀ ਮੁਹੱਬਤ ਵਿੱਚ ਸ਼ਿਰਕ ਦਾ ਸ਼ੱਕ ਵੀ ਨਾ ਆਉਣ ਦਿੰਦੇ ਸਨ। ਫਿਰ ਆਪ ﷺ ਨੂੰ ਫ਼ਿਕਰ ਰਹਿੰਦੀ ਸੀ ਕਿ ਲੋਕ **ਕ਼ਬਰਾਂ** ਨੂੰ ਪੂਜਣ ਦੀ ਜਗ੍ਹਾ ਨਾ ਬਣਾ ਲੈਣ। ਪਰ ਬਦ-ਕਿਸਮਤੀ ਨਾਲ਼ ਅੱਜ ਇਸੇ ਦੇ ਖ਼ਿਲਾਫ਼ ਅਮਲ ਹੋ ਰਿਹਾ ਹੈ। ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਕ਼ਬਰਾਂ ‘ਤੇ ਜਾ ਕੇ ਪੂਜਦੇ ਹਨ, ਸਜਦੇ ਕਰਦੇ ਹਨ।

ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਬਿਆਨ ਕੀਤਾ ਕਿ ਨਬੀ ਕਰੀਮ ﷺ ਨੇ ਆਪਣੇ ਉਸ **ਮਰਜ਼** ਵਿੱਚ ਜਿਸ ਵਿੱਚ ਆਪ ﷺ ਦਾ ਵਿਸਾਲ (ਵਫ਼ਾਤ, ਚਲਾਣਾ, ਨਿਧਨ)) ਹੋਇਆ ਯਾਨੀ ਆਖ਼ਰੀ ਵੇਲ਼ੇ ਫ਼ਰਮਾਇਆ: ਅੱਲਾਹ ਲਾਨਤ ਕਰੇ **ਯਹੂਦੀਆਂ** ਅਤੇ **ਇਸਾਈਆਂ** ‘ਤੇ, ਉਨ੍ਹਾਂ ਨੇ ਆਪਣੇ ਨਬੀਆਂ ਦੀਆਂ ਕ਼ਬਰਾਂ ਨੂੰ ਮਸਜਿਦਾਂ ਬਣਾ ਲਿਆ। ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਕਿਹਾ ਜੇਕਰ ਆਪ ﷺ ਨੇ ਇਹ ਨਾ ਫ਼ਰਮਾਇਆ ਹੁੰਦਾ ਤਾਂ ਆਪ ﷺ ਦੀ ਕ਼ਬਰ ਖੁੱਲ੍ਹੀ ਰੱਖੀ ਜਾਂਦੀ। ਪਰ ਮੈਂ ਡਰਦੀ ਹਾਂ ਕਿਤੇ ਉਹ ਮਸਜਿਦ ਨਾ ਬਣਾ ਲਈ ਜਾਵੇ। ਇਸ ਲਈ ਖੁੱਲ੍ਹੀ ਜਗ੍ਹਾ ਨਹੀਂ ਰੱਖੀ ਗਈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਜ ਕੱਲ ਤਾਂ ਉੱਥੇ ਦੀ ਹਕੂਮਤ ਨੇ ਉਸ ਦੇ ਆਲ਼ੇ ਦੁਆਲ਼ੇ ਬਾ-ਕ਼ਾਇਦਾ ਇੰਤਿਜ਼ਾਮ ਕੀਤਾ ਹੋਇਆ ਹੈ, ਜੰਗਲ਼ੇ ਹਨ, ਕੰਧਾਂ ਹਨ ਤਾਂ ਜੋ ਕਿਸੇ ਕ਼ਿਸਮ ਦਾ ਸ਼ਿਰਕ ਜ਼ਾਹਿਰ ਨਾ ਹੋਵੇ। ਇਹ ਕੰਮ ਘੱਟੋ ਘੱਟ ਉਨ੍ਹਾਂ ਨੇ ਚੰਗਾ ਕੀਤਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਖ਼ੁਦਾ ਤਆਲਾ ਦੀ **ਯਗਾਨਗਤ** (ਅੱਲਾਹ ਤਆਲਾ ਦਾ ਇੱਕ ਹੋਣਾ) ਦੇ ਬਿਆਨ ਵਿੱਚ ਇੱਕ ਰਿਵਾਇਤ ਆਉਂਦੀ ਹੈ। ਹਜ਼ਰਤ ਅਬੀ ਬਿਨ ਕਅਬ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਮੁਸ਼ਰਿਕਾਂ ਨੇ ਰਸੂਲੁੱਲਾਹ ﷺ ਨੂੰ ਕਿਹਾ ਕਿ ਆਪ ﷺ ਆਪਣੇ ਰੱਬ ਦਾ **ਕੁਲ** (ਵੰਸ਼, ਪੁਰਖੇ, ਖ਼ਾਨਦਾਨ) ਸਾਨੂੰ ਦੱਸੋ। ਇਸ ‘ਤੇ ਅੱਲਾਹ ਤਆਲਾ ਨੇ ਨਾਜ਼ਿਲ ਫ਼ਰਮਾਇਆ قُلْ هُوَ اللهُ أَحَدٌ. اللهُ الصَّمَدُ ਕਿ ਅੱਲਾਹ ਤਆਲਾ ਇੱਕ ਹੈ, ਅੱਲਾਹ ਤਆਲਾ ਕਿਸੇ ਦਾ **ਮੁਹਤਾਜ** ਨਹੀਂ। ਜਿਸ ਨੇ ਨਾ ਕੁੱਝ ਜਣਿਆ ਅਤੇ ਨਾ ਹੀ ਉਹ ਕਿਸੇ ਤੋਂ ਜਣਾਇਆ ਗਿਆ। ਜੋ ਵੀ ਕੋਈ ਚੀਜ਼ ਪੈਦਾ ਹੋਵੇਗੀ ਉਹ ਜ਼ਰੂਰ ਮਰੇਗੀ ਅਤੇ ਜੋ ਵੀ ਕੋਈ ਚੀਜ਼ ਮਰੇਗੀ ਉਸ ਦਾ ਵਾਰਿਸ ਹੋਵੇਗਾ। ਅੱਲਾਹ ਤਆਲਾ ਦੀ ਜ਼ਾਤ ਅਜਿਹੀ ਹੈ ਕਿ ਨਾ ਉਹ ਮਰੇਗੀ ਅਤੇ ਨਾ ਹੀ ਉਸਦਾ ਕੋਈ **ਵਾਰਿਸ** ਹੋਵੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਹਜ਼ਰਤ ਜ਼ੈਦ ਬਿਨ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਰਸੂਲੁੱਲਾਹ ﷺ ਨੇ ਸਾਨੂੰ ਹੁਦੈਬਿਯਾ ਵਿੱਚ ਰਾਤ ਨੂੰ ਹੋਣ ਵਾਲ਼ੀ **ਬਾਰਿਸ਼** ਦੇ ਬਾਅਦ ਸਵੇਰ ਦੀ ਨਮਾਜ਼ ਪੜ੍ਹਾਈ। ਜਦ ਆਪ ﷺ ਨਮਾਜ਼ ਤੋਂ ਵਿਹਲੇ ਹੋਏ ਤਾਂ ਲੋਕਾਂ ਵੱਲ ਮੁਤਵੱਜਾ ਹੋਏ ਅਤੇ ਫ਼ਰਮਾਇਆ ਕਿ ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਰੱਬ ਨੇ ਕੀ ਫ਼ਰਮਾਇਆ? ਲੋਕਾਂ ਨੇ ਅਰਜ਼ ਕੀਤਾ ਕਿ **ਅੱਲਾਹ** ਅਤੇ ਉਸ ਦਾ **ਰਸੂਲ** ਬਿਹਤਰ ਜਾਣਦੇ ਹਨ। ਆਪ ﷺ ਨੇ ਫ਼ਰਮਾਇਆ: ਅੱਲਾਹ ਫ਼ਰਮਾਉਂਦਾ ਹੈ ਕਿ ਮੇਰੇ ਬੰਦਿਆਂ ਵਿੱਚੋਂ ਕੁੱਝ ਨੇ ਇਸ ਹਾਲ ਵਿੱਚ ਸਵੇਰ ਕੀਤੀ ਕਿ ਉਹ ਮੇਰੇ ‘ਤੇ **ਇਮਾਨ** ਲਿਆਉਣ ਵਾਲ਼ੇ ਸਨ ਅਤੇ ਕੁੱਝ **ਇਨਕਾਰ** ਕਰਨ ਵਾਲ਼ੇ ਸਨ। ਯਾਨੀ ਲੋਕਾਂ ਵਿੱਚੋਂ ਕੁੱਝ ਅਜਿਹੇ ਸਨ ਜਿਨ੍ਹਾਂ ਨੇ ਰਾਤ ਦੀ ਬਾਰਿਸ਼ ਦੇਖ ਕੇ ਇਸ ਤਰ੍ਹਾਂ ਸਵੇਰ ਕੀਤੀ ਕਿ ਉਨ੍ਹਾਂ ਵਿੱਚੋਂ ਕੁੱਝ ਇਮਾਨ ਲਿਆਉਣ ਵਾਲ਼ੇ ਸਨ ਅਤੇ ਕੁੱਝ ਇਨਕਾਰ ਕਰਨ ਵਾਲ਼ੇ ਸਨ। ਜਿਸ ਨੇ ਇਹ ਕਿਹਾ ਕਿ ਸਾਡੇ ‘ਤੇ ਅੱਲਾਹ ਤਆਲਾ ਦੇ **ਫ਼ਜ਼ਲ** ਅਤੇ ਉਸ ਦੀ **ਰਹਿਮਤ**

ਨਾਲ਼ ਬਾਰਿਸ਼ ਹੋਈ ਹੈ ਉਹ ਮੇਰੇ 'ਤੇ ਇਮਾਨ ਲਿਆਉਣ ਵਾਲ਼ਾ ਹੈ ਅਤੇ ਜਿਨ੍ਹਾਂ ਨੇ ਇਹ ਕਿਹਾ ਕਿ **ਸਿਤਾਰਿਆਂ** ਦੀ ਵਜ੍ਹਾ ਨਾਲ਼ ਬਾਰਿਸ਼ ਹੋਈ ਹੈ, ਉਹ ਇਨਕਾਰ ਕਰਨ ਵਾਲ਼ੇ ਹਨ।

ਹਜ਼ਰਤ ਮਹਮੂਦ ਬਿਨ ਲਬੀਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਰਸੂਲੁੱਲਾਹ ﷺ ਨੇ ਫ਼ਰਮਾਇਆ: ਮੈਨੂੰ ਤੁਹਾਡੇ 'ਤੇ ਸਭ ਤੋਂ ਜ਼ਿਆਦਾ ਜਿਸ ਚੀਜ਼ ਦਾ **ਭੈ** ਹੈ ਉਹ ਸ਼ਿਰਕਿ ਅਸਗ਼ਰ (ਛੋਟਾ ਸ਼ਿਰਕ) ਹੈ। ਸਹਾਬਾ ਨੇ ਅਰਜ਼ ਕੀਤਾ ਸ਼ਿਰਕਿ ਅਸਗ਼ਰ (ਛੋਟਾ ਸ਼ਿਰਕ) ਕੀ ਹੈ? ਆਪ ﷺ ਨੇ ਫ਼ਰਮਾਇਆ **ਰਿਯਾਅ** ਯਾਨੀ **ਦਿਖਾਵਾ**। ਬਸ ਸਾਨੂੰ ਆਪਣਾ ਜਾਇਜ਼ਾ ਲੈਣਾ ਚਾਹੀਦਾ ਹੈ। ਕੋਈ ਵਸੀਲਾ ਅਗਲੇ ਜਹਾਨ ਵਿੱਚ ਸਾਡੇ ਕੰਮ ਨਹੀਂ ਆਵੇਗਾ। ਬਸ ਰਸੂਲੁੱਲਾਹ ﷺ ਦੀ **ਪੈਰਵੀ** ਹੀ ਹੈ ਜਿਸ ਨੂੰ ਅੱਲਾਹ ਤਆਲਾ ਪਸੰਦ ਕਰਦਾ ਹੈ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਨਬੀ ਕਰੀਮ ﷺ ਨੂੰ ਦੇਖੋ ਕੈਸੀ **ਮਅਰਿਫ਼ਤ** (ਅੱਲਾਹ ਤਆਲਾ ਦੀ ਹੋਂਦ ਦੀ ਸਮਝ) ਸੀ, ਕੈਸੀ **ਇਹਤਿਆਤ** (ਸਾਵਧਾਨੀ, ਸਤਰਕਤਾ) ਸੀ। ਕਿਸ ਤਰ੍ਹਾਂ ਖ਼ੁਦਾ ਤਆਲਾ ਤੋਂ **ਭੈਭੀਤ** ਰਹਿੰਦੇ ਸਨ ਅਤੇ ਬਾਵਜੂਦ ਇਸਦੇ ਕਿ ਸਾਰੇ ਇਨਸਾਨਾਂ ਤੋਂ ਜ਼ਿਆਦਾ ਆਪ ﷺ ਕਾਮਿਲ ਸਨ ਅਤੇ ਹਰ ਕਿਸਮ ਦੀਆਂ ਖ਼ਤਾਵਾਂ ਤੋਂ ਪਾਕ ਸਨ। ਬਾਵਜੂਦ ਇਸ **ਪਵਿੱਤਰਤਾ** ਅਤੇ **ਪਾਕੀਜ਼ਗੀ** ਦੇ ਇਹ ਹਾਲ ਸੀ ਕਿ ਹਰ ਵੇਲ਼ੇ ਅੱਲਾਹ ਤਆਲਾ ਤੋਂ ਭੈਭੀਤ ਰਹਿੰਦੇ। ਨੇਕੀ 'ਤੇ ਨੇਕੀ ਕਰਦੇ, ਉੱਚੇ ਤੋਂ ਉੱਚੇ ਅਮਲ ਕਰਦੇ। ਇੱਕ ਨੇਕੀ 'ਤੇ ਦੂਸਰੀ ਨੇਕੀ ਕਰਦੇ ਚਲੇ ਜਾਂਦੇ, ਕਦੀ ਬੁਰਾਈ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਹਰ ਵੇਲ਼ੇ ਇਬਾਦਤਿ ਇਲਾਹੀ ਵਿੱਚ ਰੁੱਝੇ ਰਹਿੰਦੇ, ਡਰਦੇ ਅਤੇ ਬਹੁਤ ਡਰਦੇ ਸਨ। ਇਸ ਦੇ ਬਾਵਜੂਦ ਆਪਣੇ ਵੱਲੋਂ ਜਿੰਨਾ ਮੁਮਕਿਨ ਸੀ, ਇਹਤਿਆਤ ਕਰਦੇ, ਪਰ ਖ਼ੁਦਾ ਤਆਲਾ ਦੇ **ਜਲਾਲ** ਨੂੰ ਦੇਖਦੇ ਅੱਲਾਹ ਤਆਲਾ ਦੀ ਬਾਰਗਾਹ ਵਿੱਚ ਆਪਣੇ ਸਭ ਅਮਲਾਂ ਤੋਂ ਦਸਤਬਰਦਾਰ ਹੋ ਜਾਂਦੇ ਅਤੇ **ਅਸਤਗ਼ਫ਼ਾਰ** ਕਰਦੇ ਅਤੇ ਜਦ ਮੌਕਾ ਹੁੰਦਾ ਤਾਂ ਤੌਬਾ ਕਰਦੇ। ਬਸ ਮੁਹੱਬਤ ਦਾ ਇਹ ਆਲਮ ਸੀ ਕਿ ਹਰ ਮੌਕੇ 'ਤੇ ਮੁਬਾਰਕ ਜ਼ੁਬਾਨ ਜ਼ਿਕਰਿ ਇਲਾਹੀ ਨਾਲ਼ ਤਰ ਰਹਿੰਦੀ ਸੀ।

ਹਜ਼ਰਤ ਸਮਰਾ ਬਿਨ ਜੰਦਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਨਬੀ ਕਰੀਮ ﷺ ਨੇ ਫ਼ਰਮਾਇਆ: ਚਾਰ ਗੱਲਾਂ ਸਾਰੀਆਂ ਗੱਲਾਂ ਤੋਂ ਅਫ਼ਜ਼ਲ ਹਨ। ਜਿਸ ਤੋਂ ਵੀ ਤੂੰ ਸ਼ੁਰੂ ਕਰ ਉਸ ਵਿੱਚ ਤੈਨੂੰ ਕਦੀ ਨੁਕਸਾਨ ਨਹੀਂ। ਉਹ ਕੀ ਹਨ। **ਨੰਬਰ ਇੱਕ** سُبۡحَانَ الله ਸੁਬਹਾਨੱਲਾਹ। **ਨੰਬਰ ਦੋ** اَلۡحَمۡدُ لِله ਅਲ੍-ਹਮ੍ਦੁ ਲਿੱਲਾਹ। **ਨੰਬਰ ਤਿੰਨ** لَا اِلٰهَ اِلَّا الله ਲਾ ਇਲਾਹਾ ਇੱਲੱਲਾਹ। **ਨੰਬਰ ਚਾਰ** الله اَکۡبَر ਅੱਲਾਹੁ ਅਕਬਰ। ਬਸ ਇਨ੍ਹਾਂ ਗੱਲਾਂ ਦਾ ਹਰ ਵੇਲ਼ੇ ਖ਼ਿਆਲ ਰਹੇ। ਕੰਮ ਕਰਦੇ ਹੋਏ ਇਨ੍ਹਾਂ ਚੀਜ਼ਾਂ ਨੂੰ ਸਾਹਮਣੇ ਰੱਖੋ ਤਾਂ ਇਨ੍ਹਾਂ ਵਿੱਚ ਬਰਕਤ ਹੀ ਬਰਕਤ ਹੈ।

ਹਜ਼ਰਤ ਅਬੂ ਬਕਰਾ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ﷺ ਨੂੰ ਜਦ ਕੋਈ ਖ਼ੁਸ਼ੀ ਵਾਲ਼ੀ ਗੱਲ ਪੇਸ਼ ਆਉਂਦੀ ਤਾਂ ਆਪ ﷺ ਫ਼ੌਰਨ ਅੱਲਾਹ ਦਾ ਸ਼ੁਕਰ ਅਦਾ ਕਰਨ ਲਈ **ਸਜਦੇ** ਵਿੱਚ ਝੁਕ ਜਾਂਦੇ।

ਹਜ਼ਰਤ ਮਆਜ਼ ਬਿਨ ਜਬਲ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਆਪ ﷺ ਨੇ ਫ਼ਰਮਾਇਆ: ਅੱਲਾਹ ਦੇ ਜ਼ਿਕਰ ਤੋਂ ਵਧ ਕੇ ਕੋਈ ਸ਼ੈ ਅੱਲਾਹ ਤਆਲਾ ਦੇ ਅਜ਼ਾਬ ਤੋਂ **ਨਿਜਾਤ** ਦੇਣ ਵਾਲ਼ੀ ਨਹੀਂ ਹੈ। ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਇੱਕ ਜਗ੍ਹਾ ਹੋਰ ਬਿਆਨ ਕਰਦੀ ਹਨ ਕਿ ਮੇਰੇ 'ਤੇ ਅੱਲਾਹ ਤਆਲਾ ਦੀਆਂ ਨਿਅਮਤਾਂ ਵਿੱਚੋਂ ਇਹ ਹੈ ਕਿ ਨਬੀ ਕਰੀਮ ﷺ ਮੇਰੇ **ਘਰ**, ਮੇਰੀ **ਵਾਰੀ** ਦੇ ਦਿਨ ਅਤੇ ਮੇਰੇ ਸੀਨੇ ਅਤੇ ਮੇਰੀ ਹੰਸਲੀ ਦੇ ਦਰਮਿਆਨ ਫ਼ੌਤ ਹੋਏ। ਅਤੇ ਇਹ ਕਿ ਅੱਲਾਹ ਨੇ ਆਪ ﷺ ਦੀ ਵਫ਼ਾਤ ਦੇ ਵੇਲ਼ੇ ਮੇਰੇ ਲੁਆਬ (ਥੁੱਕ) ਅਤੇ ਆਪ ﷺ ਦੇ ਲੁਆਬ (ਥੁੱਕ) ਨੂੰ ਜਮ੍ਹਾ ਕੀਤਾ। ਉਹ ਇਸ ਤਰ੍ਹਾਂ ਕਿ ਹਜ਼ਰਤ ਅਬਦੁੱਰ ਰਹਿਮਾਨ ਰਜ਼ਿ ਅੱਲਾਹੁ ਅਨਹੁ ਮੇਰੇ ਕੋਲ਼ ਆਏ, ਉਨਾਂ ਦੇ ਹੱਥ ਵਿੱਚ ਦਾਤਣ ਸੀ ਅਤੇ ਮੈਂ ਨਬੀ ਕਰੀਮ ﷺ ਨੂੰ ਸਹਾਰਾ ਦਿੱਤਾ ਹੋਇਆ ਸੀ। ਮੈਂ ਦੇਖਿਆ ਕਿ ਆਪ ﷺ ਉਸ ਦੇ ਵੱਲ ਦੇਖ ਰਹੇ ਹਨ ਅਤੇ ਮੈਂ ਜਾਣਦੀ ਸਾਂ ਕਿ ਆਪ ﷺ ਦਾਤਣ ਪਸੰਦ ਕਰਦੇ ਹਨ। ਮੈਂ ਅਰਜ਼ ਕੀਤਾ ਕਿ ਕੀ ਮੈਂ ਇਸ ਨੂੰ ਆਪ ﷺ ਦੇ ਲਈ ਲਵਾਂ? ਆਪ ﷺ ਨੇ ਸਿਰ ਨਾਲ਼ ਹਾਂ ਦਾ ਇਸ਼ਾਰਾ ਫ਼ਰਮਾਇਆ। ਮੈਂ ਉਹ ਆਪ ﷺ ਨੂੰ ਦਿੱਤੀ ਤਾਂ ਆਪ ﷺ ਨੂੰ ਸਖ਼ਤ ਲੱਗੀ। ਮੈਂ ਅਰਜ਼ ਕੀਤਾ ਕਿ ਕੀ ਮੈਂ ਇਸ ਨੂੰ ਆਪ ﷺ ਦੇ ਲਈ ਨਰਮ ਕਰ ਦੇਵਾਂ? ਆਪ ﷺ ਨੇ ਸਿਰ ਨਾਲ਼ ਹਾਂ ਦਾ ਇਸ਼ਾਰਾ ਕੀਤਾ। ਆਪ ﷺ ਦੇ ਸਾਹਮਣੇ **ਪਾਣੀ** ਦੇ ਬਰਤਨ ਸਨ। ਆਪ ﷺ ਆਪਣੇ ਹੱਥ ਪਾਣੀ ਵਿੱਚ ਪਾਉਂਦੇ ਅਤੇ ਉਨ੍ਹਾਂ ਨੂੰ ਆਪਣੇ ਮੁਬਾਰਕ ਚਿਹਰੇ 'ਤੇ ਫੇਰਦੇ ਅਤੇ ਫ਼ਰਮਾਉਂਦੇ لَا اِلٰهَ اِلَّا الله ਲਾ ਇਲਾਹਾ

ਇੱਲੱਲਾਹ ਕਿ ਅੱਲਾਹ ਦੇ ਸਿਵਾ ਕੋਈ ਇਬਾਦਤ ਦੇ ਲਾਇਕ਼ ਨਹੀਂ। ਫਿਰ ਆਪ ﷺ ਨੇ ਆਪਣਾ ਹੱਥ ਚੁੱਕਿਆ ਅਤੇ ਕਹਿਣ ਲੱਗੇ اَلرَّفِيْقِ الْأَعْلٰى ਅੱਰ੍-ਰਫ਼ੀਕ਼ਿਲ੍ ਆਅਲਾ ਇੱਥੋਂ ਤੱਕ ਕਿ ਆਪ ﷺ ਫ਼ੌਤ ਹੋ ਗਏ ਅਤੇ ਆਪ ﷺ ਦਾ ਹੱਥ ਝੁਕ ਗਿਆ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ: ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਖ਼ੁਦਾ ਤਆਲਾ ਨੇ ਆਖ਼ਰੀ ਵਕ਼ਤ ਵਿੱਚ **ਇਖ਼ਤਿਆਰ** ਦਿੱਤਾ ਕਿ ਜੇਕਰ ਚਾਹੋ ਤਾ ਦੁਨੀਆ ਵਿੱਚ ਰਹੋ ਅਤੇ ਜੇਕਰ ਚਾਹੋ ਤਾਂ ਮੇਰੇ ਵੱਲ ਆ ਜਾਓ। ਆਪ ﷺ ਨੇ ਅਰਜ਼ ਕੀਤਾ ਕਿ ਐ ਮੇਰੇ ਰੱਬ! ਮੈਂ ਇਹੀ ਚਾਹੁੰਦਾ ਹਾਂ ਕਿ ਤੇਰੇ ਵੱਲ ਆਵਾਂ ਅਤੇ ਆਖ਼ਰੀ ਲਮਹੇ ਜਦ ਆਪ ﷺ ਦੀ ਪਾਕੀਜ਼ਾ ਜਾਨ **ਰੁਖ਼ਸਤ** ਹੋਈ، ਇਹੀ ਗੱਲ ਸੀ اَلرَّفِيْقِ الْأَعْلٰى ਅੱਰ੍-ਰਫ਼ੀਕ਼ਿਲ੍ ਆਅਲਾ ਯਾਨੀ ਹੁਣ ਮੈਂ ਇਸ ਜਗ੍ਹਾ ਤੇ ਰਹਿਣਾ ਨਹੀਂ ਚਾਹੁੰਦਾ ਮੈਂ ਆਪਣੇ ਖ਼ੁਦਾ ਦੇ ਕੋਲ਼ ਜਾਣਾ ਚਾਹੁੰਦਾ ਹਾਂ।

# اَللّٰهُمَّ صَلِّ عَلٰى مُحَمَّدٍ وَّبَارِكْ وَسَلِّمْ ۞ إِنَّكَ حَمِيْدٌ مَّجِيْدٌ ۞

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞